ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

# JAGAT GURU NANAK DEV
# PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**

PSOU/PRO/2023/26 02 May 2023

## JGND PSOU Induction Program

Jagat Guru Nanak Dev Punjab State Open University (JGND PSOU), Patiala held induction program for the newly admitted students. School of Languages, School of Business Management and Commerce, School of Sciences and Emerging Technology & School of Social Sciences and Liberal Arts conducted orientation sessions for the students of various undergraduate and postgraduate programmes of the university. The orientation sessions were attended by students of MA Punjabi, M.Com, B. Com, Bachelor of Liberal Arts, B.Sc Data Sciences, Certificate courses in Effective Business and Social Communication, Cyber Security, Artificial Intelligence, Income Tax Filing and Documentation & GST Filing and Practice.

Prof. Karamjeet Singh, Vice-Chancellor, JGND PSOU, said, "The induction program will facilitate learners from diverse backgrounds and enable students to know more about the courses. PSOU provides students with a high-quality online distance learning educational experience that upskills them to meet the demands of profession." Prof. GS Batra, Dean Academic Affairs, JGND PSOU, welcomed students to the new (Jan 2023) academic session. Addressing the attendees, he said, "As you embark on a learning journey with a difference, the dedicated faculty & staff will empower you with knowledge and skills. The programs will enhance the computational and communication skills of the students."

The students were acquainted with Learning Management System (LMS), the Academic Bank of Credits (ABC) system, assignment & viva-voce schedule and examination pattern. Learners were introduced to the procedure of creating ID on DigiLocker for adding earned credits. Dr Navleen Multani, Head, School of Languages, exhorted the students to get research articles published while pursuing academic programmes. Er. Jyotsna gave a demonstration on how to navigate the digital resources provided by the university. A session by JGND PSOU Placement Cell apprised the students about an array of job and internship opportunities.

The orientation sessions were attended by a diverse group of students from Punjab. Prof. Kanwalbir Singh Dhindhsa, CoE, Heads, Coordinators of all schools and faculty of JGND PSOU were present during the induction program.

Director
Public Relations Cell

Dean Academic Affairs

# JAGAT GURU NANAK DEV PUNJAB STATE OPEN UNIVERSITY PATIALA
(Established by Act No.19 of 2019 of Legislature of the State of Punjab)


PSOU/PRO/2023/26 02 May 2023

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਇੰਡਕਸ਼ਨ ਪ੍ਰੋਗਰਾਮ

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ (JGND PSOU), ਪਟਿਆਲਾ ਵੱਲੋਂ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਇੰਡਕਸ਼ਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਸਕੂਲ ਆਫ ਲੈਂਗੂਏਜ, ਸਕੂਲ ਆਫ ਬਿਜ਼ਨਸ ਮੈਨੇਜਮੈਂਟ ਐਂਡ ਕਾਮਰਸ, ਸਕੂਲ ਆਫ ਸਾਇੰਸਜ਼ ਐਂਡ ਇਮਰਜਿੰਗ ਟੈਕਨਾਲੋਜੀ ਅਤੇ ਸਕੂਲ ਆਫ ਸੋਸ਼ਲ ਸਾਇੰਸਜ਼ ਐਂਡ ਲਿਬਰਲ ਆਰਟਸ ਨੇ ਯੂਨੀਵਰਸਿਟੀ ਦੇ ਵੱਖ-ਵੱਖ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਸੈਸ਼ਨ ਆਯੋਜਿਤ ਕੀਤੇ। ਓਰੀਐਂਟੇਸ਼ਨ ਸੈਸ਼ਨਾਂ ਵਿੱਚ ਐਮ.ਏ.ਪੰਜਾਬੀ, ਐਮ.ਕਾਮ, ਬੀ.ਕਾਮ, ਬੈਚਲਰ ਆਫ਼ ਲਿਬਰਲ ਆਰਟਸ ਅਤੇ ਬੀ.ਐਸ.ਸੀ ਡਾਟਾ ਸਾਇੰਸਜ਼, ਸਰਟੀਫਿਕੇਟ ਕੋਰਸ ਪ੍ਰਭਾਵਸ਼ਾਲੀ ਵਪਾਰ ਅਤੇ ਸਮਾਜਿਕ ਸੰਚਾਰ, ਸਾਈਬਰ ਸੁਰੱਖਿਆ, ਆਰਟੀਫੀਸ਼ੀਅਲ ਇੰਟੈਲੀਜੈਂਸ, ਇਨਕਮ ਟੈਕਸ ਫਾਈਲਿੰਗ ਅਤੇ ਦਸਤਾਵੇਜ਼ ਅਤੇ ਜੀਐਸਟੀ ਫਾਈਲਿੰਗ ਅਤੇ ਅਭਿਆਸ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਪ੍ਰੋ. ਕਰਮਜੀਤ ਸਿੰਘ, ਵਾਈਸ-ਚਾਂਸਲਰ, JGND PSOU, ਨੇ ਕਿਹਾ, "ਇੰਡਕਸ਼ਨ ਪ੍ਰੋਗਰਾਮ ਵਿਭਿੰਨ ਪਿਛੋਕੜ ਵਾਲੇ ਸਿਖਿਆਰਥੀਆਂ ਨੂੰ ਸਹੂਲਤ ਪ੍ਰਦਾਨ ਕਰੇਗਾ ਅਤੇ ਵਿਦਿਆਰਥੀਆਂ ਨੂੰ ਕੋਰਸਾਂ ਬਾਰੇ ਹੋਰ ਜਾਣਕਾਰੀ ਦੇਵੇਗਾ। PSOU ਵਿਦਿਆਰਥੀਆਂ ਨੂੰ ਉੱਚ-ਗੁਣਵੱਤਾ ਵਾਲਾ ਔਨਲਾਈਨ ਵਿਦਿਆ ਦਾ ਅਨੁਭਵ ਪ੍ਰਦਾਨ ਕਰਦਾ ਹੈ ਜੋ ਉਹਨਾਂ ਨੂੰ ਅਜੋਕੇ ਸਮੇਂ ਅਨੁਸਾਰ ਹੁਨਰਮੰਦ ਬਣਾਉਂਦਾ ਹੈ।" ਪ੍ਰੋ. ਜੀ.ਐਸ. ਬੱਤਰਾ, ਡੀਨ ਅਕਾਦਮਿਕ ਮਾਮਲੇ, ਜੇਜੀਐਨਡੀ PSOU, ਨੇ ਨਵੇਂ (ਜਨਵਰੀ 2023) ਅਕਾਦਮਿਕ ਸੈਸ਼ਨ ਵਿੱਚ ਵਿਦਿਆਰਥੀਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਕਿਹਾ, ਸਮਰਪਿਤ ਫੈਕਲਟੀ ਅਤੇ ਸਟਾਫ ਤੁਹਾਨੂੰ ਗਿਆਨ ਅਤੇ ਹੁਨਰ ਦੇ ਨਾਲ ਸ਼ਕਤੀ ਪ੍ਰਦਾਨ ਕਰੇਗਾ।"

ਵਿਦਿਆਰਥੀਆਂ ਨੂੰ ਲਰਨਿੰਗ ਮੈਨੇਜਮੈਂਟ ਸਿਸਟਮ (LMS), ਅਕਾਦਮਿਕ ਬੈਂਕ ਆਫ ਕ੍ਰੈਡਿਟ (ABC) ਸਿਸਟਮ, ਅਸਾਈਨਮੈਂਟ ਅਤੇ viva-voce ਸ਼ਡਿਊਲ ਅਤੇ ਪ੍ਰੀਖਿਆ ਪੈਟਰਨ ਤੋਂ ਜਾਣੂ ਕਰਵਾਇਆ ਗਿਆ। ਡਾ: ਨਵਲੀਨ ਮੁਲਤਾਨੀ, ਮੁਖੀ, ਸਕੂਲ ਆਫ਼ ਲੈਂਗੂਏਜ਼, ਨੇ ਵਿਦਿਆਰਥੀਆਂ ਨੂੰ ਅਕਾਦਮਿਕ ਪ੍ਰੋਗਰਾਮਾਂ ਨੂੰ ਅੱਗੇ ਵਧਾਉਂਦੇ ਹੋਏ ਖੋਜ ਲੇਖ ਪ੍ਰਕਾਸ਼ਿਤ ਕਰਨ ਲਈ ਪ੍ਰੇਰਿਤ ਕੀਤਾ। ਈ.ਆਰ. ਜਯੋਤਸਨਾ ਨੇ ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤੇ ਗਏ ਡਿਜੀਟਲ ਸਰੋਤਾਂ ਨੂੰ ਨੈਵੀਗੇਟ ਕਰਨ ਦੇ ਤਰੀਕੇ ਬਾਰੇ ਦੱਸਿਆ। JGND PSOU ਪਲੇਸਮੈਂਟ ਸੈੱਲ ਦੁਆਰਾ ਸੈਸ਼ਨ ਵਿਚ ਵਿਦਿਆਰਥੀਆਂ ਨੂੰ ਨੌਕਰੀ ਅਤੇ ਇੰਟਰਨਸ਼ਿਪ ਦੇ ਮੌਕਿਆਂ ਬਾਰੇ ਜਾਣੂ ਕਰਵਾਇਆ।

ਓਰੀਐਂਟੇਸ਼ਨ ਸੈਸ਼ਨਾਂ ਵਿੱਚ ਪੰਜਾਬ ਤੋਂ ਵਿਦਿਆਰਥੀਆਂ ਨੇ ਭਾਗ ਲਿਆ। ਇੰਡਕਸ਼ਨ ਪ੍ਰੋਗਰਾਮ ਦੌਰਾਨ ਪ੍ਰੋ: ਕੰਵਲਬੀਰ ਸਿੰਘ ਢੀਂਡਸਾ, ਸੀਓਈ, ਸਾਰੇ ਸਕੂਲਾਂ ਦੇ ਮੁਖੀ, ਕੋਆਰਡੀਨੇਟਰ ਅਤੇ ਜੇਜੀਐਨਡੀ ਪੀਐਸਯੂ ਦੇ ਫੈਕਲਟੀ ਹਾਜ਼ਰ ਸਨ।

ਡੀਨ ਅਕਾਦਮਿਕ ਮਾਮਲੇ

ਡਾਇਰੈਕਟਰ
ਲੋਕ ਸੰਪਰਕ ਸੈੱਲ

https://www.tribuneindia.com/news/patiala/psou-faculty-dwells-on-ai-in-healthcare-503082

# PSOU faculty dwells on AI in healthcare

**TRIBUNE NEWS SERVICE**

**PATIALA, APRIL 28**

Faculty members of Jagat Guru Nanak Dev Punjab State Open University (JGND PSOU), held a discussion on the use artificial intelligence (AI) in healthcare services here today.

The university is holding a faculty presentation series, through which it aims to invigorate innovative research with a multidisciplinary approach.

Prof Baljit Singh Khehra, Head, School of Emerging Technology at the university, elaborated on the basics of AI and its potential applications across various fields. "AI can enhance the effectiveness of intelligence procedures. The intelligent community must adapt to the age of AI by integrating rationalised analysis to educational resources for the benefit of humanity," he said.

Khehra discussed the role of AI in branches like healthcare, finance, speech recognition and technology. He also discussed the potential benefits and challenges of AI implementation as well as the ethical considerations involved.



ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵਿਖੇ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼। ਅਜੀਤ ਤਸਵੀਰ

# ਓਪਨ ਯੂਨੀਵਰਸਿਟੀ ਵਿਖੇ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਹੈਲਥ ਕੇਅਰ 'ਤੇ ਚਰਚਾ

ਪਟਿਆਲਾ, 28 ਅਪ੍ਰੈਲ (ਗੁਰਵਿੰਦਰ ਸਿੰਘ ਔਲਖ) - ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਕੈਂਪਸ 'ਚ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ) 'ਤੇ ਫੈਕਲਟੀ ਪ੍ਰੋਜ਼ਨਟੇਸ਼ਨ ਅਧੀਨ ਇਕ ਚਰਚਾ ਕੀਤੀ ਗਈ। ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਅਜਿਹੀ ਚਰਚਾ ਇਕ ਚੰਗੀ ਪਹਿਲਕਦਮੀ ਹੈ ਜੋ ਇਕ ਬਹੁ-ਅਨੁਸ਼ਾਸਨੀ ਪਹੁੰਚ ਨਾਲ ਨਵੀਨਤਾਕਾਰੀ ਖੋਜ ਨੂੰ ਉਤਸ਼ਾਹਿਤ ਕਰੇਗੀ। ਮੁਖੀ, ਸਕੂਲ ਆਫ਼ ਸਾਇੰਸਿਜ਼ ਐਂਡ ਇਮਰਜਿੰਗ ਟੈਕਨਾਲੋਜੀ ਪ੍ਰੋ. ਬਲਜੀਤ ਸਿੰਘ ਖਹਿਰਾ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੀਆਂ ਮੂਲ ਗੱਲਾਂ ਅਤੇ ਵੱਖ-ਵੱਖ ਖੇਤਰਾਂ ਵਿਚ ਇਸ ਦੀਆਂ ਸੰਭਾਵੀ ਐਪਲੀਕੇਸ਼ਨਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਨੇ ਕਿਹਾ ਆਰਟੀਫਿਸ਼ੀਅਲ ਇੰਟੈਲੀਜੈਂਸ ਖੁਫੀਆ ਪ੍ਰਕਿਰਿਆਵਾਂ ਦੀ ਪ੍ਰਭਾਵਸ਼ੀਲਤਾ ਨੂੰ ਵਧਾ ਸਕਦਾ ਹੈ। ਪ੍ਰੋ. ਖਹਿਰਾ ਨੇ ਵੱਖ-ਵੱਖ ਸ਼ਾਖਾਵਾਂ ਜਿਵੇਂ ਕਿ ਹੈਲਥ ਕੇਅਰ, ਫਾਈਨਾਂਸ, ਅਤੇ ਟੈਕਨਾਲੋਜੀ ਵਿੱਚ ਏ.ਆਈ ਦੀ ਭੂਮਿਕਾ ਬਾਰੇ ਚਰਚਾ ਕੀਤੀ। ਉਨ੍ਹਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਲਾਗੂ ਕਰਨ ਦੇ ਸੰਭਾਵੀ ਲਾਭਾਂ ਅਤੇ ਚੁਣੌਤੀਆਂ ਦੇ ਨਾਲ-ਨਾਲ ਨੈਤਿਕ ਵਿਚਾਰਾਂ ਦੀ ਵੀ ਪੜਚੋਲ ਕੀਤੀ। ਇਸ ਚਰਚਾ ਵਿੱਚ ਏ.ਆਈ ਦੇ ਵੱਖ-ਵੱਖ ਖ਼ਤਰਿਆਂ ਅਤੇ ਚੁਣੌਤੀਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਵਿਚਾਰ ਚਰਚਾ ਦੌਰਾਨ ਪ੍ਰੋ: ਗੁਰਦੀਪ ਸਿੰਘ ਬਤਰਾ, ਡੀਨ ਅਕਾਦਮਿਕ ਮਾਮਲੇ, ਵੱਖ-ਵੱਖ ਸਕੂਲਾਂ ਦੇ ਮੁਖੀ ਅਤੇ ਕੋਆਰਡੀਨੇਟਰ ਹਾਜ਼ਰ ਸਨ।

